16ਵੀਂ ਵਿਧਾਨ ਸਭਾ
ਪਹਿਲਾ ਸਮਾਗਮ

# ਪੰਜਾਬ ਵਿਧਾਨ ਸਭਾ

## ਕਾਰਜ-ਸੂਚੀ

ਸ਼ੁੱਕਰਵਾਰ, 1 ਅਪ੍ਰੈਲ, 2022
10.00 ਵਜੇ ਸਵੇਰੇ

---

**I. ਮੈਂਬਰਾਂ ਦੁਆਰਾ ਸਹੁੰ ਜਾਂ ਪ੍ਰਤਿਗਿਆ**

ਮੈਂਬਰ ਜਿਹਨਾਂ ਨੇ ਪਹਿਲਾਂ ਸਹੁੰ ਨਹੀਂ ਚੁੱਕੀ, ਭਾਰਤ ਦੇ ਸੰਵਿਧਾਨ ਦੇ ਅਨੁਛੇਦ 188 ਅਧੀਨ ਸਹੁੰ ਚੁੱਕਣਗੇ/ਪ੍ਰਤਿਗਿਆ ਲੈਣਗੇ ਅਤੇ ਦਸਤਖ਼ਤ ਕਰਨਗੇ।

**II. ਅਕਾਲ ਚਲਾਣਿਆਂ ਦਾ ਵਰਨਣ**

**III. ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਕੁੱਝ ਨਿਯਮਾਂ ਨੂੰ ਮੁਅੱਤਲ ਕਰਨ ਸਬੰਧੀ ਪ੍ਰਸਤਾਵ**

ਇੱਕ ਮੰਤਰੀ ਪ੍ਰਸਤਾਵ ਕਰਨਗੇ ਕਿ-

"ਇਹ ਸਦਨ ਸੰਕਲਪ ਕਰਦਾ ਹੈ ਕਿ 16ਵੀਂ ਪੰਜਾਬ ਵਿਧਾਨ ਸਭਾ ਦੇ ਚਾਲੂ ਪਹਿਲੇ ਸਮਾਗਮ ਦੀ ਵਿਸ਼ੇਸ਼ ਬੈਠਕ ਜੋ ਕੁੱਝ ਜ਼ਰੂਰੀ ਅਤੇ ਮਹੱਤਵਪੂਰਨ ਸਰਕਾਰੀ ਕੰਮ-ਕਾਰ ਲਈ ਵਿਸ਼ੇਸ਼ ਬੈਠਕ ਹੈ, ਦੇ ਦੌਰਾਨ ਕੇਵਲ ਸਰਕਾਰੀ ਕੰਮਕਾਰ ਹੀ ਕੀਤਾ ਜਾਵੇ ਅਤੇ ਹੋਰ ਕੋਈ ਵੀ ਕੰਮਕਾਰ ਜਿਸ ਵਿਚ ਪ੍ਰਸ਼ਨ, ਧਿਆਨ ਦਿਵਾਊ ਨੋਟਿਸ ਅਤੇ ਕਿਸੇ ਪ੍ਰਾਈਵੇਟ ਮੈਂਬਰ ਦੁਆਰਾ ਪੇਸ਼ ਕੀਤੇ ਜਾਣ ਵਾਲਾ ਕੋਈ ਹੋਰ ਕੰਮ-ਕਾਰ ਵੀ ਸ਼ਾਮਲ ਹੈ, ਇਸ ਬੈਠਕ ਦੇ ਦੌਰਾਨ ਸਦਨ ਦੇ ਸਾਹਮਣੇ ਨਾ ਲਿਆਂਦਾ ਜਾਵੇ ਜਾਂ ਸਦਨ ਵਿਚ ਨਾ ਕੀਤਾ ਜਾਵੇ ਅਤੇ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਵਿਚ ਇਸ ਵਿਸ਼ੇ ਨਾਲ ਸਬੰਧਤ ਨਿਯਮ ਉਸ ਹੱਦ ਤੱਕ ਮੁਅੱਤਲ ਕੀਤੇ ਗਏ ਸਮਝੇ ਜਾਣ।"

**IV. ਨਿਯਮ 16 ਅਧੀਨ ਪ੍ਰਸਤਾਵ**

ਇੱਕ ਮੰਤਰੀ ਪ੍ਰਸਤਾਵ ਕਰਨਗੇ ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਜਾਵੇਗੀ।

**V. ਸਰਕਾਰੀ ਮਤਾ**

ਮੁੱਖ ਮੰਤਰੀ, ਯੂ.ਟੀ., ਚੰਡੀਗੜ੍ਹ ਨਾਲ ਸਬੰਧਿਤ ਮਾਮਲਿਆਂ ਦੇ ਸਬੰਧ ਵਿੱਚ ਇੱਕ ਮਤਾ ਪੇਸ਼ ਕਰਨਗੇ।

ਚੰਡੀਗੜ੍ਹ:
31 ਮਾਰਚ, 2022

ਸੁਰਿੰਦਰ ਪਾਲ,
ਸਕੱਤਰ।

---

Singh 23/3/22
ਸੁਪਰਡੰਟ
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।